# ਵਿੱਦਿਆ (ਐਜੂਕੇਸ਼ਨ) ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ

# Frequently asked questions about education

*ਇਹ ਜਾਣਕਾਰੀ ਇੰਗਲੈਂਡ ਅਤੇ ਵੇਲਜ਼ ਵਿਚ ਲਾਗੂ ਹੁੰਦੀ ਹੈ।*

**ਸਕੂਲ ਵਿਚ ਮੇਰੇ ਬੱਚੇ ਨਾਲ ਧੱਕੇਸ਼ਾਹੀ (ਬੁਲਿੰਗ) ਹੁੰਦੀ ਹੈ, ਮੈਂ ਕੀ ਕਰ ਸਕਦਾ/ਸਕਦੀ ਹਾਂ? 2**

**ਕੀ ਮੇਰੇ ਬੱਚੇ ਨੂੰ ਆਪਣੇ ਜੀ ਸੀ ਐਸ ਈਜ਼ (GCSE's) ਕਰਨ ਤੋਂ ਬਾਅਦ ਕੌਲਿਜ ਜਾਣ ਲਈ ਮਾਲੀ ਮਦਦ ਮਿਲ ਸਕਦੀ ਹੈ? 3**

**ਕੀ ਮੈਂ ਆਪਣੇ ਬੱਚੇ ਨੂੰ ਘਰ ਵਿਚ ਪੜ੍ਹਾ ਸਕਦਾ/ਸਕਦੀ ਹਾਂ? 4**

**ਜੇ ਮੇਰੀ ਲੜਕੀ ਨੂੰ ਸਕੂਲ ਵਿਚੋਂ ਕੱਢ ਦਿੱਤਾ ਜਾਵੇ, ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ? 5**

**ਮੈਨੂੰ ਹੁਣੇ ਹੁਣੇ ਪਤਾ ਲੱਗਾ ਹੈ ਕਿ ਮੇਰੇ ਬੱਚੇ ਨੂੰ ਓਟਿਜ਼ਮ (ਆਪਣੇ ਆਪ ਵਿਚ ਗੁੰਮ ਸੁੰਮ ਹੋਣ) ਦਾ ਰੋਗ ਹੈ, ਕੀ ਉਹ ਅਜੇ ਵੀ ਸਾਡੇ ਸਥਾਨਕ ਪ੍ਰਾਇਮਰੀ ਸਕੂਲ ਵਿਚ ਜਾਂਦਾ ਰਹਿ ਸਕਦਾ ਹੈ? 6**

**ਮੈਂ ਇਕ ਵੀਲ ਚੇਅਰ ਵਿਚ ਹਾਂ ਅਤੇ ਮੈਂ ਆਪਣੇ ਏ ਲੈਵਲਜ਼ ਕਰਨ ਤੋਂ ਬਾਅਦ ਕੌਲਿਜ ਜਾਣਾ ਚਾਹੁੰਦਾ/ਚਾਹੁੰਦੀ ਹਾਂ— ਮੈਨੂੰ ਕੀ ਸੋਚਣ ਦੀ ਲੋੜ ਹੈ? 7**

Copyright © 2002-2007 Citizens Advice All rights reserved
Registered charity no: 279057 Company no: 1436945 England

# ਸਕੂਲ ਵਿਚ ਮੇਰੇ ਬੱਚੇ ਨਾਲ ਧੱਕੇਸ਼ਾਹੀ (ਬੁਲਿੰਗ) ਹੁੰਦੀ ਹੈ, ਮੈਂ ਕੀ ਕਰ ਸਕਦਾ/ਸਕਦੀ ਹਾਂ ?

ਸੱਭ ਤੋਂ ਪਹਿਲਾਂ ਆਪਣੇ ਬੱਚੇ ਨਾਲ ਗੱਲ ਕਰੋ ਕਿ ਉਹ ਕੀ ਕਹਿੰਦਾ ਹੈ। ਫਿਰ ਆਪਣੇ ਬੱਚੇ ਦੇ ਟੀਚਰ ਨਾਲ ਗੱਲ ਕਰਨ ਦਾ ਪ੍ਰਬੰਧ ਕਰੋ। ਤੁਹਾਨੂੰ ਪਤਾ ਕਰਨਾ ਚਾਹੀਦਾ ਹੈ ਕਿ ਜੇ ਧੱਕੇਸ਼ਾਹੀ ਹੋਣ ਦਾ ਸ਼ੱਕ ਹੋਵੇ ਤਾਂ ਇਸ ਸਮੱਸਿਆ ਨਾਲ ਆਮ ਤੌਰ ’ਤੇ ਕਿਵੇਂ ਨਿਪਟਿਆ ਜਾਂਦਾ ਹੈ ਅਤੇ ਉਹ ਇਸ ਮਾਮਲੇ ਨੂੰ ਅੱਗੇ ਕਿਵੇਂ ਲਿਜਾਣਗੇ। ਤੁਸੀਂ ਇਹ ਵੀ ਪਤਾ ਕਰ ਸਕਦ ਹੋ ਕਿ ਸਕੂਲ ਦੀ ਬੁਲਿੰਗ ਦੇ ਖ਼ਿਲਾਫ਼ ਕੋਈ ਲਿਖ਼ਤੀ ਪੌਲਿਸੀ ਹੈ ਜਾਂ ਨਹੀਂ। ਜੇ ਹੈ, ਤਾਂ ਤੁਸੀਂ ਉਸ ਨੂੰ ਦੇਖਣ ਵਾਸਤੇ ਆਖ਼ ਸਕਦੇ ਹੋ।

ਜੇ ਤੁਸੀਂ ਟੀਚਰ ਵਲੋਂ ਮਿਲੇ ਜਵਾਬ ਨਾਲ ਸੰਤੁਸ਼ਟ ਨਾ ਹੋਵੋ, ਤਾਂ ਹੈਡ ਟੀਚਰ ਨਾਲ ਗੱਲ ਕਰਨ ਲਈ ਆਖੋ। ਜੇ ਤੁਸੀਂ ਅਜੇ ਵੀ ਪ੍ਰਸੰਨ ਨਾ ਹੋਵੋ, ਤਾਂ ਤੁਸੀਂ ਸਕੂਲ ਦੀ ਗਵਰਨਿੰਗ ਬੌਡੀ ਅਤੇ/ਜਾਂ ਲੋਕਲ ਐਜੂਕੇਸ਼ਨ ਅਥੌਰਿਟੀ ਨਾਲ ਸੰਪਰਕ ਕਰ ਸਕਦੇ ਹੋ। ਜੇ ਇਹ ਧੱਕੇਸ਼ਾਹੀ ਬਹੁਤ ਗੰਭੀਰ ਰੂਪ ਵਿਚ ਹੋ ਰਹੀ ਹੈ, ਤਾਂ ਇਸ ਨੂੰ ਮੁਜਰਮਾਨਾ (ਅਪਰਾਧਕ) ਕਿਰਿਆ ਵਜੋਂ ਦੇਖਿਆ ਜਾ ਸਕਦਾ ਹੈ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਬੱਚੇ ਨਾਲ ਧੱਕਾ ਹੁੰਦਾ ਹੈ, ਤਾਂ ਤੁਹਾਨੂੰ ਮਦਦ ਅਤੇ ਸਹਿਯੋਗ ਪ੍ਰਦਾਨ ਕਰ ਸਕਣ ਵਾਲੀਆਂ ਬਹੁਤ ਸਾਰੀਆਂ ਸੰਸਥਾਵਾਂ ਹਨ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੇਰੇ ਬੱਚੇ ਨੂੰ ਆਪਣੇ ਜੀ ਸੀ ਐਸ ਈਜ਼ (GCSE's) ਕਰਨ ਤੋਂ ਬਆਦ ਕੌਲਿਜ ਜਾਣ ਲਈ ਮਾਲੀ ਮਦਦ ਮਿਲ ਸਕਦੀ ਹੈ ?

ਇਕ ਲੋਕਲ ਐਜੂਕੇਸ਼ਨ ਅਥੌਰਿਟੀ (LEA) ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਇਕ 16 ਸਾਲ ਦੀ ਉਮਰ ਤੋਂ ਉਪਰ ਦੇ ਕਿਸੇ ਵਿਦਿਆਰਥੀ ਦੀ ਆਰਥਕ ਮਦਦ ਕਰੇ। ਫਿਰ ਭੀ, ਜੇ ਉਹ ਮਦਦ ਕਰਨਾ ਚਾਹ, ਤਾਂ ਇੰਜ ਕਰਨ ਲਈ ਉਸ ਕੋਲ ਤਾਕਤ ਹੈ। ਪਰ ਵਿਦਿਆਰਥੀਆਂ ਨੂੰ ਅਗੇਰੀ ਵਿੱਦਿਆ ਵਿਚ ਮਦਦ ਕਰਨ ਬਾਰੇ ਹਰ ਇੱਕ ਐਲ ਈ ਏ (LEA) ਦੇ ਖ਼ੁੱਦ ਦੇ ਆਪਣੇ ਅਸੂਲ ਹੁੰਦੇ ਹਨ। ਤੁਹਾਡੇ ਬੇਟੇ ਨੂੰ ਐਲ ਈ ਏ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ ਉਸਨੂੰ ਕੋਈ ਮੱਦਦ ਮਿਲ ਸਕਦੀ ਹੈ। ਤੁਹਾਡੇ ਬੇਟੇ ਨੂੰ ਸ਼ਾਇਦ ਐਜੂਕੇਸ਼ਨ ਮੇੱਨਟਨੈਂਸ ਅਲਾਉਂਸ (EMA) ਦਾ ਹੱਕ ਵਾ ਹਾਸਲ ਹੋਵੇ।

ਜੇ ਤੁਹਾਡਾ ਘਰ ਵੇਲਜ਼ ਵਿਚ ਹੈ ਅਤੇ ਤੁਹਾਡੇ ਬੇਟੇ ਦੀ ਉਮਰ 16 ਅਤੇ 18 ਸਾਲ ਦੇ ਦਰਮਿਆਨ ਹੈ ਤਾਂ ਉਹ ਸ਼ਾਇਦ ਅਜੂਕੇਸ਼ਨ ਮੇਨਟਨੈਂਨਸ ਅਲਾਉਂਸ (EMA) ਦਾ ਹੱਕਦਾਰ ਹੋ ਸਕਦਾ ਹੈ। ਜੇ ਉਸ ਦੀ ਉਮਰ 19 ਸਾਲ ਜਾਂ ਉਸ ਤੋਂ ਵੱਧ ਹੈ ਤਾਂ ਉਹ ਆਪਣੀ ਪੜ੍ਹਾਈ ਦੇ ਖ਼ਰਚ ਵਿਚ ਮਦਦ ਵਾਸਤੇ ਇਕ ਅਸੈਂਬਲੀ ਲਰਨਿੰਗ ਗ੍ਰਾਂਟ ਹਾਸਲ ਕਰਨੇ ਦੀ ਕੋਸ਼ਿਸ਼ ਕਰ ਸਕਦਾ ਹੈ, ਭਾਵੇਂ ਉਸ ਦਾ ਕੌਲਿਜ ਵੇਲਜ਼ ਵਿਚ ਨਾ ਵੀ ਹੋਵੇ। ਉਹ ਆਪਣੇ ਕੌਲਿਜ ਤੋਂ ਵੀ ਪੁੱਛ ਸਕਦਾ ਹੈ ਕਿ ਕੀ ਉਸਨੂੰ ਉਹਨਾਂ ਦੇ ਫ਼ਾਇਨੈਂਸਿਅਲ ਕੌਨਟਿਨਜੰਸੀ ਫ਼ੰਡ ਵਿਚੋਂ ਮੱਦਦ ਮਿਲ ਸਕਦੀ ਹੈ।

ਇੰਗਲੈਂਡ ਵਿਚ ਇਹ ਐਜੂਕੇਸ਼ਨ ਮੇਨਟਨੈਂਨਸ ਅਲਾਉਂਸ (EMA) ਖ਼ਤਮ ਹੋ ਰਿਹਾ ਹੈ ਅਤੇ 1 ਜਨਵਰੀ 2011 ਤੋਂ ਕੋਈ ਵੀ ਨਵੀਂਆਂ ਅਰਜ਼ੀਆਂ ਨਹੀਂ ਲਈਆਂ ਜਾ ਰਹੀਆਂ। ਫਿਰ ਭੀ, ਕੌਲਿਜਿਜ਼ ਪਾਸ ਆਪਣੇ ਖ਼ੁੱਦ ਦੇ ਫ਼ੰਡਜ਼ ਹੁੰਦੇ ਹਨ ਜੋ ਵਿਅਕਤੀਗਤ ਵਿਦਿਆਰਥੀਆਂ ਦੀ ਮੱਦਦ ਕਰਨ ਲਈ ਵਰਤੇ ਜਾ ਸਕਦੇ ਹਨ। ਇਹ ਫ਼ੰਡਜ਼ ਦੇਣ ਲਈ ਹਰ ਇੱਕ ਕੌਲਿਜ ਦੇ ਆਪਣੇ ਆਪਣੇ ਨਿਯਮ ਹੁੰਦੇ ਹਨ, ਜਿਹਨਾਂ ਨੂੰ 'ਡਿਸਕ੍ਰੈਸ਼ਨਰੀ ਸਪੋਰਟ ਫ਼ੰਡਜ਼' ਕਿਹਾ ਜਾਂਦਾ ਹੈ। ਤੁਹਾਡਾ ਬੇਟਾ ਆਪਣੇ ਕੌਲਿਜ ਤੋਂ ਹੀ ਇਹਨਾਂ ਬਾਰੇ ਵਧੇਰੇ ਜਾਣਕਾਰੀ ਲੈ ਸਕਦਾ ਹੈ।

ਇਹ ਵੀ ਸੰਭਵ ਹੈ ਕਿ ਤੁਹਾਡੇ ਬੇਟੇ ਨੂੰ ਇਨਕਮ ਸਪੋਰਟ, ਇਨਕਮ ਬੇਸਡ ਜੌਬ ਸੀਕਰਜ਼ ਅਲਾਉਂਸ, ਐਮਪਲੌਇਮੈਂਟ ਐਂਡ ਸਪੋਰਟ ਅਲਾਉਂਸ, ਹਾਉਜ਼ਿੰਗ ਬੈਨਿਫ਼ਿਟ ਜਾਂ ਕਾਉਂਸਲ ਟਕਸ ਬੈਨਿਫ਼ਿਟ ਮਿਲ ਸਕਦਾ ਹੋਵੇ। ਫਿਰ ਭੀ, ਜੇ ਤੁਸੀਂ ਇਕ ਵਿਦਿਆਰਥੀ ਹੋ ਤਾਂ ਇਹ ਬੈਨਿਫ਼ਿਟ ਕਲੇਮ ਕਰਨ ਦੇ ਅਸੂਲ ਖ਼ਾਸ ਪ੍ਰਕਾਰ ਦੇ ਵਿਦਿਆਰਥੀਆਂ ਤਕ ਹੀ ਸੀਮਤ ਹਨ ਅਤੇ ਹੋ ਸਕਦਾ ਹੈ ਕਿ ਬਹੁਤ ਸਾਰੇ ਵਿਦਿਆਰਥੀ ਇਸ ਢੰਗ ਨਾਲ ਮਦਦ ਲੈਣ ਦੇ ਯੋਗ ਨਾ ਹੋ ਸਕਦੇ ਹੋਣ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੈਂ ਆਪਣੇ ਬੱਚੇ ਨੂੰ ਘਰ ਵਿਚ ਪੜ੍ਹਾ ਸਕਦਾ/ਸਕਦੀ ਹਾਂ ?

ਜੀ ਹਾਂ, ਪੜ੍ਹਾ ਸਕਦੇ ਹੋ। ਜ਼ਰੂਰੀ ਸਕੂਲ ਜਾਣ ਦੀ ਉਮਰ ਦੇ ਇਕ ਬੱਚੇ ਨੂੰ ਫ਼ੁੱਲ ਟਾਈਮ ਸਿੱਖਿਆ ਪ੍ਰਦਾਨ ਕਰਨਾ ਇਕ ਲੋਕਲ ਐਜੂਕੇਸ਼ਨ ਅਥੌਰਿਟੀ (LEA) ਲਈ ਕਾਨੂੰਨਨ ਜ਼ਰੂਰੀ ਹੈ ਅਤ ਮਾਪਿਆਂ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਜ਼ਰੂਰੀ ਸਕੂਲ ਜਾਣ ਦੀ ਉਮਰ ਦੇ ਆਪਣੇ ਬੱਚੇ ਨੂੰ ਵਿੱਦਿਆ ਦਿੱਤੀ ਜਾਵੇ। ਪਰ ਕਾਨੂੰਨ ਇਹ ਨਹੀਂ ਕਹਿੰਦਾ ਕਿ ਬੱਚਾ ਸਕੂਲ ਜ਼ਰੂਰ ਜਾਵੇ। ਇਕ ਮਾਪਾ ਆਪਣੇ ਬੱਚੇ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿਚ ਵੀ ਕਰ ਸਕਦਾ ਹੈ।

ਜੇ ਤੁਸੀਂ ਆਪਣੇ ਬੱਚੇ ਨੂੰ ਘਰ ਵਿਚ ਹੀ ਪੜ੍ਹਾਉਂਣਾ ਚਾਹੁੰਦੇ ਹ ਤਾਂ ਇਸ ਬਾਰੇ LEA ਨੂੰ ਦੱਸਣਾ ਜ਼ਰੂਰੀ ਨਹੀਂ ਹੈ। ਫਿਰ ਭੀ, LEA ਨਾਲ ਪਹਿਲਾਂ ਗੱਲ ਕਰ ਲੈਣੀ ਇਕ ਅੱਛਾ ਵਿਚਾਰ ਹੋਵੇਗਾ। ਜੇ ਤੁਸੀਂ LEA ਨਾਲ ਗੱਲ ਨਹੀਂ ਕਰਦੇ ਤਾਂ ਹੋ ਸਕਦਾ ਹੈ ਕਿ ਉਹ ਕੁਝ ਪੁੱਛ ਗਿੱਛ ਕਰਨ, ਇਸ ਲਈ ਤੁਹਾਡੇ ਲਈ ਇਹ ਦਿਖਾਉਂਣਾ ਜ਼ਰੂਰੀ ਹੋਵੇਗਾ ਕਿ ਕੀ ਤੁਸੀਂ ਆਪਣੇ ਬੱਚੇ ਨੂੰ ਮੁਨਾਸਿਬ ਵਿਦਿਆ ਪ੍ਰਦਾਨ ਕਰ ਰਹੇ ਹੋ।

ਕੁੱਝ ਇਕ ਸੰਸਥਾਵਾਂ ਤੁਹਾਡੀ ਮਦਦ ਕਰ ਸਕਦੀਆਂ ਹਨ। ਆਪਣੇ ਬੱਚੇ ਨੂੰ ਸਕੂਲੋਂ ਬਾਹਰ ਪੜ੍ਹਾਉਣ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਐਜੂਕੇਸ਼ਨ ਅਦਰਵਾਈਜ਼ ਅਤੇ ਦ ਹੋਮ ਐਜੂਕੇਸ਼ਨ ਐਡਵਾਈਜ਼ਰੀ ਸਰਵਿਸ ਚੰਗੀਆਂ ਥਾਂਵਾਂ ਹਨ।

Copyright © 2002-2007 Citizens Advice All rights reserved
Registered charity no: 279057 Company no: 1436945 England

## ਜੇ ਮੇਰੀ ਲੜਕੀ ਨੂੰ ਸਕੂਲ ਵਿਚੋਂ ਕੱਢ ਦਿੱਤਾ ਜਾਵੇ, ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇ ਕੋਈ ਬੱਚੇ ਸਕੂਲ ਵਲੋਂ ਮਹੱਤਵਪੂਰਨ ਸਮਝੇ ਜਾਂਦੇ ਕਿਸੇ ਨਿਯਮ ਨੂੰ ਤੋੜਦੇ ਹਨ, ਤਾਂ ਉਨ੍ਹਾਂ ਬੱਚਿਆਂ ਨੂੰ ਸਕੂਲ ਵਿਚੋਂ ਥੋੜੇ ਚਿਰ ਲਈ ਕੱਢਿਆ (ਬੇਦਖ਼ਲ) ਜਾ ਸਕਦਾ ਹੈ। ਜੇ ਸਕੂਲ ਫੈਸਲਾ ਕਰਦਾ ਹੈ ਕਿ ਬੱਚੇ ਦਾ ਵਤੀਰਾ ਗੰਭੀਰ ਰੂਪ ਵਿਚ ਪਰਵਾਨ ਕਰਨ ਯੋਗ ਨਹੀਂ ਹੈ, ਤਾਂ ਉਨ੍ਹਾਂ ਨੂੰ ਪੱਕੇ ਤੌਰ 'ਤੇ (ਕੱਢ ਦਿੱਤਾ) ਜਾ ਸਕਦਾ ਹੈ। ਇਹ ਕਿਸ ਢੰਗ ਨਾਲ ਕੀਤਾ ਜਾਂਦਾ ਹੈ, ਉਸ ਸਕੂਲ ਦੀ ਵੰਨਗੀ 'ਤੇ ਨਿਰਭਰ ਹੈ ਜਿਸ ਸਕੂਲ ਵਿਚ ਤੁਹਾਡੀ ਲੜਕੀ ਜਾਂਦੀ ਹੈ। ਕੋਈ ਮਾਪਾ ਅਪੀਲ ਕਿੰਜ ਕਰ ਸਕਦਾ ਹੈ, ਵੀ ਹਰ ਸਕੂਲ ਦੀ ਵੰਨਗੀ 'ਤੇ ਨਿਰਭਰ ਕਰਦਾ ਹੈ।

ਜੇ ਤੁਹਾਡੀ ਲੜਕੀ ਨੂੰ ਸਕੂਲੋਂ ਕੱਢ (ਅਲੱਗ ਕਰ) ਦਿੱਤਾ ਗਿਆ ਹੈ, ਤਾਂ ਐਡਵਾਈਜ਼ਰੀ ਸੈਂਟਰ ਫ਼ੌਰ ਐਜੂਕੇਸ਼ਨ ਵਰਗੀਆਂ ਕੁੱਝ ਇਕ ਸੰਸਥਾਵਾਂ ਤੁਹਾਡੀ ਮਦਦ ਕਰ ਸਕਦੀਆਂ ਹਨ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਹੁਣੇ ਹੁਣੇ ਪਤਾ ਲੱਗਾ ਹੈ ਕਿ ਮੇਰੇ ਬੱਚੇ ਨੂੰ ਓਟਿਜ਼ਮ (ਆਪਣੇ ਆਪ ਵਿਚ ਗ਼ੁੱਮ ਸੁੱਮ ਹੋਣ) ਦਾ ਰੋਗ ਹੈ, ਕੀ ਉਹ ਅਜੇ ਵੀ ਸਾਡੇ ਸਥਾਨਕ ਪ੍ਰਾਇਮਰੀ ਸਕੂਲ ਵਿਚ ਜਾਂਦਾ ਰਹਿ ਸਕਦਾ ਹੈ ?

ਲੋਕਲ ਐਜੂਕੇਸ਼ਨ ਅਥੌਰਿਟੀ LEA ਨੂੰ ਤੁਹਾਡੇ ਬਾਲ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਹੋ ਸਕਦਾ ਹੈ ਕਿ ਉਹ ਸਿੱਖਿਆ ਬਾਰੇ ਖ਼ਾਸ ਲੋੜਾਂ (ਸਪੈਸ਼ਲ ਐਜੂਕੇਸ਼ਨਲ ਨੀਡਜ਼) (SEN) ਦਾ ਇਕ ਬਿਆਨ ਜਾਰੀ ਕਰ ਦੇਵੇ। SEN ਵਾਲੇ ਸਾਰੇ ਬੱਚਿਆਂ ਨੂੰ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਢੁੱਕਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਇਹ ਸਿੱਖਿਆ ਤੁਹਾਡੇ ਲੋਕਲ ਪ੍ਰਾਇਮਰੀ ਸਕੂਲ, ਇਕ ਸਪੈਸ਼ਲ ਸਕੂਲ ਜਾਂ ਉਸ ਦੀਆਂ ਲੋੜਾਂ 'ਤੇ ਨਿਰਭਰ ਕਿਸੇ ਹੋਰ ਥਾਂ ਵਿਚ ਹੋ ਸਕਦੀ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਹਾਡੀ ਲੜਕੀ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਤੁਹਾਡੀ ਲੜਕੀ ਦੀਆਂ ਲੋੜਾਂ ਦੇ ਮੁਤਾਬਕ ਢੁੱਕਵੀਂ ਨਹੀਂ ਹੈ ਤਾਂ ਤੁਹਾਨੂੰ ਕਿਸੇ ਵੀ ਕੀਤੇ ਗਏ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕਰਨ ਦਾ ਹੱਕ ਹੈ। ਕਈ ਸੰਸਥਵਾਂ ਹਨ ਜੋ ਤੁਹਾਨੂੰ ਸਲਾਹ ਦੇ ਸਕਦੀਆਂ ਹਨ।

Copyright © 2002-2007 Citizens Advice All rights reserved
Registered charity no: 279057 Company no: 1436945 England

# ਮੈਂ ਇਕ ਵੀਲ ਚੇਅਰ ਵਰਤਣ ਵਾਲਾ/ਵਾਲੀ ਹਾਂ ਅਤੇ ਮੈਂ ਆਪਣੇ ਏ ਲੈਵਲਜ਼ ਕਰਨ ਤੋਂ ਬਾਅਦ ਕੌਲਿਜ ਜਾਣਾ ਚਾਹੁੰਦਾ/ਚਾਹੁੰਦੀ ਹਾਂ— ਮੈਨੂੰ ਕੀ ਸੋਚਣ ਦੀ ਲੋੜ ਹੈ ?

ਜਿਨ੍ਹਾਂ ਕੌਲਿਜਾਂ ਵਿਚ ਤੁਹਾਡੀ ਦਿਲਚਸਪੀ ਹੋਵੇ, ਤੁਹਾਨੂੰ ਉਨ੍ਹਾਂ ਨਾਲ ਸੰਪਰਕ ਕਰ ਕੇ ਉਨ੍ਹਾਂ ਦਾ ਵਿਵਰਣ-ਪੱਤਰਕਾ (ਪ੍ਰੌਸਪੈਕਟਸ) ਮੰਗਵਾਉਣਾ ਚਾਹੀਦਾ ਹੈ। ਹਰੇਕ ਪ੍ਰੌਸਪੈਕਟਸ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਪਤਾ ਕਰੋ ਕਿ ਉਨ੍ਹਾਂ ਤਕ ਵੀਲਚੇਅਰ ਵਰਤਣ ਵਾਲੇ ਕਿੰਨੀ ਕੁ ਚੰਗੀ ਤਰ੍ਹਾਂ ਪਹੁੰਚ ਕਰ ਸਕਦੇ ਹਨ ਅਤੇ ਵੀਲਚੇਅਰ ਵਰਤਣ ਵਾਲਿਆਂ ਲਈ ਉਹ ਕੀ ਕਰ ਕਰਦੇ ਹਨ। ਜੇ ਪ੍ਰੌਸਪੈਕਟਸ ਤੁਹਾਡੇ ਲਈ ਲੋੜੀਂਦੀ ਜਾਣਕਾਰੀ ਨਹੀਂ ਦਿੰਦਾ ਤਾਂ ਵਧੇਰੇ ਜਾਣਕਾਰੀ ਲੈਣ ਲਈ ਸਬੰਧਤ ਕੌਲਿਜ ਨਾਲ ਸੰਪਰਕ ਕਰੋ। ਪਹੁੰਚ ਬਾਰੇ ਗੱਲ ਬਾਤ ਕਰਨ ਲਈ ਤੁਸੀਂ ਇੰਟਰਵਿਊ ਕਰਨ ਲਈ ਆਖ਼ ਸਕਦੇ ਹੋ।

ਜੇ ਇਕ ਵਰਕ ਪਲੇਸਮੈਂਟ ਤੁਹਾਡੇ ਕੋਰਸ ਦੀ ਜ਼ਰੂਰੀ ਸ਼ਰਤ ਹੋਵੇ, ਤਾਂ ਇਹ ਜਾਣਨਾ ਪੱਕਾ ਕਰੋ ਕਿ ਉਹ ਕੌਲਿਜ ਤੁਹਾਡੀਆਂ ਲੋੜਾਂ ਨੂੰ ਢੁੱਕਦੀ ਵਰਕ ਪਲੇਸਮੈਂਟ ਦਾ ਪਰਬੰਧ ਕਰ ਸਕਦਾ ਹੈ ਜਾਂ ਨਹੀਂ।

Copyright © 2002-2007 Citizens Advice All rights reserved
Registered charity no: 279057 Company no: 1436945 England